BRITISH COLUMBIA HealthLinkBC

Punjabi - Number 05b
July 2010

# ਕੀ ਮੈਨੂੰ ਆਪਣੇ ਖੂਹ ਦੇ ਪਾਣੀ ਦੀ ਪਰਖ ਕਰਵਾਉਣੀ ਚਾਹੀਦੀ ਹੈ?
# Should I Get My Well Water Tested?

## ਕੀ ਮੇਰਾ ਪਾਣੀ ਪੀਣ ਲਈ ਸੁਰੱਖਿਅਤ ਹੈ?

ਜੇ ਤੁਸੀਂ ਪੀਣ ਲਈ ਆਪਣੇ ਖੂਹ ਦਾ ਪਾਣੀ ਵਰਤਦੇ ਹੋ ਤਾਂ ਪਾਣੀ ਦੀ ਲੈਬਾਰਟਰੀ ਤੋਂ ਪਰਖ ਕਰਵਾਕੇ ਸੁਨਿਸਚਿਤ ਕਰ ਲਵੋ ਕਿ ਉਹ ਪਾਣੀ ਪੀਣ ਲਈ ਸੁਰੱਖਿਅਤ ਹੈ।

ਬੇਸ਼ੱਕ ਤੁਸੀਂ ਬਿਮਾਰ ਨਹੀਂ ਹੋ ਰਹੇ, ਪਰ ਇਹ ਹੋ ਸਕਦਾ ਹੈ ਕਿ ਤੁਹਾਡੇ ਖੂਹ ਦਾ ਪਾਣੀ ਸੁਰੱਖਿਅਤ ਨਾ ਹੋਵੇ। ਕਦੇ ਕਦਾਈਂ ਖੂਹ ਦੇ ਪਾਣੀ ਵਿੱਚ ਕੁਝ ਰਸਾਇਣਿਕ ਪ੍ਰਦੂਸ਼ਣ ਵਾਲੇ ਪਦਾਰਥ ਸਿਹਤ ਤੇ ਲੰਮੇ ਸਮੇਂ ਦਾ ਅਸਰ ਕਰਦੇ ਹਨ ਅਤੇ ਤਕਲੀਫ਼ਾਂ ਕਈ ਸਾਲਾਂ ਬਾਅਦ ਵਿਕਸਤ ਹੁੰਦੀਆਂ ਹਨ।

ਬੇਸ਼ੱਕ ਤੁਹਾਡੇ ਗੁਆਂਡੀ ਦਾ ਖੂਹ ਪਰਖ ਤੋਂ ਬਾਅਦ ਸੁਰੱਖਿਅਤ ਪਾਇਆ ਗਿਆ ਹੋਵੇ ਪਰ ਇਸਦਾ ਮਤਲਬ ਇਹ ਨਹੀਂ ਕਿ ਤੁਹਾਡਾ ਖੂਹ ਵੀ ਠੀਕ ਹੈ। ਕੁਝ ਕਦਮਾਂ ਤੇ ਖੂਹਾਂ ਦੇ ਪਾਣੀ ਦੀ ਕੁਆਲਿਟੀ ਵੱਖ ਵੱਖ ਹੋ ਸਕਦੀ ਹੈ। ਇਹ ਜ਼ਮੀਨ ਦੀ ਸਤਹ, ਜ਼ਮੀਨ ਦੇ ਹੇਠਾਂ ਦੀ ਬਣਤਰ, ਖੂਹ ਦੀ ਡੂੰਘਾਈ, ਬਣਤਰ ਅਤੇ ਕਈ ਹੋਰ ਕਾਰਨਾਂ ਤੇ ਨਿਰਭਰ ਕਰਦਾ ਹੈ।

ਜੇ ਤੁਸੀਂ ਪੀਣ ਲਈ ਘਰੋਗੀ ਖੂਹ ਦਾ ਪਾਣੀ ਵਰਤਦੇ ਹੋ ਤਾਂ ਪਾਣੀ ਦੀ ਪਰਖ ਕਰਵਾਕੇ ਪਤਾ ਕਰ ਲਵੋ ਕਿ ਪੀਣ ਵਾਲਾ ਪਾਣੀ ਤੁਹਾਡੇ ਪਰਵਾਰ ਲਈ ਸੁਰੱਖਿਅਤ ਹੈ।

## ਖੂਹ ਦੇ ਪਾਣੀ ਦੀ ਪਰਖ ਕੌਣ ਕਰਦਾ ਹੈ?

ਪੀਣ ਵਾਲੇ ਪਾਣੀ ਦੀ ਸਰਕਾਰੀ ਪਰਣਾਲੀ ਦੀ ਪਰਖ ਬਾਕਾਇਦਾ ਹੁੰਦੀ ਹੀ ਰਹਿੰਦੀ ਹੈ। ਇਸ ਵਿੱਚ ਸਾਰੇ ਭਾਈਚਾਰੇ ਲਈ ਪਾਣੀ ਇਕੱਠਾ ਕਰਨ ਵਾਲੇ ਅਤੇ ਪਾਣੀ ਵੰਡਣ ਵਾਲੇ ਸਾਰੇ ਸਿਸਟਮ ਸ਼ਾਮਲ ਹਨ।

ਨਿਜੀ ਅਦਾਰਿਆਂ ਦੇ ਪਾਣੀ ਸਪਲਾਈ ਸਿਸਟਮ ਜੋ ਕਦੇ ਵੀ 24 ਘੰਟਿਆਂ ਦੇ ਸਮੇਂ ਅੰਦਰ ਭਾਈਚਾਰੇ ਜਾਂ 500 ਜਾਂ ਇਸ ਤੋਂ ਵੱਧ ਲੋਕਾਂ ਨੂੰ ਪਾਣੀ ਸਪਲਾਈ ਕਰਦੇ ਹਨ ਉਨ੍ਹਾਂ ਲਈ ਵੀ ਪਾਣੀ ਦੀ ਕੁਆਲਿਟੀ ਦੀ ਪਰਖ ਬਾਕਾਇਦਾ ਕਰਵਾਉਣੀ ਜ਼ਰੂਰੀ ਹੈ।

ਜੇ ਤੁਸੀਂ ਨਿਜੀ ਖੂਹ ਦੇ ਮਾਲਕ ਹੋ ਤਾਂ ਤੁਹਾਨੂੰ ਵੀ ਖੂਹ ਦੇ ਪਾਣੀ ਦੀ ਪਰਖ ਇਹ ਪਤਾ ਕਰਨ ਲਈ ਕਰਵਾ ਲੈਣੀ ਚਾਹੀਦੀ ਹੈ ਕਿ ਪਾਣੀ ਪੀਣ ਲਈ ਸੁਰੱਖਿਅਤ ਹੈ ਕਿ ਨਹੀਂ।

## ਮੇਰੇ ਖੂਹ ਦੇ ਪਾਣੀ ਵਿੱਚ ਕੀ ਨੁਕਸ ਹੋ ਸਕਦਾ ਹੈ?

ਬੇਸ਼ੱਕ ਤੁਹਾਡੇ ਖੂਹ ਦੇ ਪਾਣੀ ਦਾ ਸਵਾਦ ਠੀਕ ਲਗਦਾ ਹੈ ਫਿਰ ਵੀ ਉਸ ਵਿੱਚ ਕਈ ਨੁਕਸਾਨਦੇਹ ਤੱਤ ਹੋ ਸਕਦੇ ਹਨ ਜਿਨ੍ਹਾਂ ਦਾ ਨਾ ਕੋਈ ਸਵਾਦ ਚੱਖ ਸਕਦੇ ਹੋ ਅਤੇ ਨਾ ਹੀ ਤੁਸੀਂ ਉਨ੍ਹਾਂ ਨੂੰ ਦੇਖ ਜਾਂ ਸੁੰਘ ਸਕਦੇ ਹੋ।

ਕੁੱਝ ਕੁ ਤੱਤ ਜ਼ਮੀਨ ਦੀ ਸਤਹ ਤੇ ਇਨਸਾਨੀ ਜਾਂ ਹੋਰ ਗਤੀਵਿਧੀਆਂ ਕਾਰਨ ਜ਼ਮੀਨ ਦੇ ਪਾਣੀ ਵਿੱਚ ਮਿਲ ਜਾਂਦੇ ਹਨ। ਜਾਨਵਰਾਂ ਦੇ ਮਲ ਮੂਤਰ ਅਤੇ ਰਸਾਇਣਿਕ ਖਾਦਾਂ ਵਿੱਚੋਂ ਨਾਈਟ੍ਰੇਟ ਜ਼ਮੀਨ ਵਿੱਚ ਥੱਲੇ ਜਾਕੇ ਪਾਣੀ ਵਿੱਚ ਮਿਲ ਕੇ ਪਾਣੀ ਨੂੰ ਦੂਸ਼ਿਤ ਕਰ ਦਿੰਦੇ ਹਨ। ਗਲਤ ਕਿਸਮ ਦਾ ਜ਼ਮੀਨਦੋਜ਼ ਮਲ-ਮੂਤਰ ਸਿਸਟਮ, ਅਤੇ ਖੂਹਾਂ ਦੇ ਨੇੜੇ ਡੁੱਲ੍ਹੇ ਹੋਏ ਰਸਾਇਣਿਕ ਪਦਾਰਥ ਵੀ ਜ਼ਮੀਨ ਦੇ ਪਾਣੀ ਨੂੰ ਦੂਸ਼ਿਤ ਕਰ ਸਕਦੇ ਹਨ। ਇਹ ਬੜਾ ਜ਼ਰੂਰੀ ਹੈ ਕਿ ਤੁਸੀਂ ਆਪਣੇ ਖੂਹ ਦੇ ਪਾਣੀ ਦੀ ਪਰਖ ਕਰਵਾਉ ਅਤੇ ਖੂਹ ਦੀ ਦੇਖ ਭਾਲ ਅਤੇ ਸੁਰੱਖਿਆ ਕਰੋ ਤਾਂਕਿ ਖੂਹ ਦਾ ਪਾਣੀ ਦੂਸ਼ਿਤ ਨਾ ਹੋ ਜਾਵੇ।

ਜ਼ਿਆਦਾ ਜਾਣਕਾਰੀ ਲਈ Safe Water Supply: Vital to Your Health ਰਿਪੋਰਟ ਦੇਖੋ ਜੋ ਤੁਹਾਡੇ ਸਥਾਨਕ Health Authority office (ਹੈੱਲਥ ਅਥਾਰਟੀ ਆਫ਼ਿਸ) ਜਾਂ Ministry of Health Services (ਮਨਿਸਟਰੀ ਆਫ਼ ਹੈੱਲਦੀ ਲਿਵਿੰਗ ਐਂਡ ਸਪੋਰਟ) ਦੀ ਵੈੱਬਸਾਈਟ www.health.gov.bc.ca/protect/index.html ਤੇ ਮਿਲ ਸਕਦੀ ਹੈ।

## Fecal coliforms (ਫ਼ਿਕਲ ਕੋਲੀਫ਼ਾਰਮਜ਼)

Coliforms (ਕੋਲੀਫ਼ਾਰਮਜ਼), ਖਾਸਕਰ fecal coliforms (ਫ਼ਿਕਲ ਕੋਲੀਫ਼ਾਰਮਜ਼), ਇਹ ਸੰਕੇਤ ਦਿੰਦੇ ਹਨ ਕਿ ਤੁਹਾਡੇ ਖੂਹ ਦਾ ਪਾਣੀ ਸ਼ਾਇਦ ਨਜ਼ਦੀਕ ਦੇ ਮਲ-ਮੂਤਰ ਸਿਸਟਮ ਕਰਕੇ ਦੂਸ਼ਿਤ ਹੈ। ਜੇ ਤੁਹਾਡੇ ਖੂਹ ਦੇ ਪਾਣੀ ਵਿੱਚ ਕੋਲੀਫ਼ਾਰਮਜ਼ ਜਾਂ ਫ਼ਿਕਲ ਕੋਲੀਫ਼ਾਰਮਜ਼ ਬਹੁਤ ਜ਼ਿਆਦਾ ਹਨ, ਤਾਂ ਤੁਸੀਂ ਪੀਣ ਤੋਂ ਪਹਿਲਾਂ ਪਾਣੀ ਨੂੰ ਸਾਫ਼ ਕਰੋ ਜਾਂ ਇੱਕ ਮਿੰਟ ਲਈ ਉਬਾਲੋ। 2000 ਮੀਟਰ (6500 ਫ਼ੁੱਟ) ਤੋਂ ਵੱਧ ਉਚਾਈ ਤੇ ਪਾਣੀ ਨੂੰ ਸਾਫ਼ ਕਰਨ ਲਈ ਘੱਟੋ ਘੱਟ 2 ਮਿੰਟਾਂ ਲਈ ਉਬਾਲੋ ਕਿਉਂਕਿ ਇਸ ਉਚਾਈ ਤੇ ਪਾਣੀ ਘੱਟ ਤਾਪਮਾਨ ਤੇ ਹੀ ਉੱਬਲ਼ ਜਾਂਦਾ ਹੈ। ਇਸ ਲਈ ਤੱਥ ਪੱਤਰ Total, Fecal & E. coli Bacteria in Groundwater ਨੂੰ ਵੈੱਬਸਾਈਟ www.env.gov.bc.ca/wsd/plan_protect_sustain/groundwater/library/ground_fact_sheets/pdfs/no3(020715)_fin2.pdf ਤੇ ਦੇਖੋ।

## Nitrates (ਸ਼ੋਰਾ)

ਜ਼ਮੀਨ ਦੇ ਪਾਣੀ ਵਿੱਚ ਸ਼ੋਰੇ ਦਾ ਪ੍ਰਦੂਸ਼ਣ ਆਮ ਹੁੰਦਾ ਹੈ। ਸੂਬੇ ਦੇ ਕੁੱਝ ਹਿੱਸਿਆਂ ਦੇ ਖੂਹਾਂ ਵਿੱਚ ਸ਼ੋਰੇ ਦਾ ਪੱਧਰ ਕਾਫ਼ੀ ਉੱਚਾ ਮਿਲਿਆ ਹੈ। ਇਹ ਉਨ੍ਹਾਂ ਜਗ੍ਹਾਂ ਵਿੱਚ ਆਮ ਤੌਰ ਤੇ ਹੁੰਦਾ ਹੈ ਜਿੱਥੇ ਜ਼ਮੀਨ ਤੇ ਖੇਤੀ ਬਾੜੀ ਵਰਗੀਆਂ ਕਾਫ਼ੀ ਭਾਰੀ ਸਰਗਰਮੀਆਂ ਕਾਰਨ ਜ਼ਮੀਨ ਦਾ ਪਾਣੀ ਦੂਸ਼ਿਤ ਹੋ ਜਾਂਦਾ ਹੈ।

ਸ਼ੋਰੇ ਦਾ ਉੱਚਾ ਪੱਧਰ 6 ਮਹੀਨੇ ਤੋਂ ਛੋਟੇ ਬੱਚਿਆਂ ਲਈ ਖਾਸਕਰ ਖ਼ਤਰਨਾਕ ਹੋ ਸਕਦਾ ਹੈ ਕਿਉਂਕਿ ਖੂਨ ਦੁਆਰਾ ਆਕਸੀਜ਼ਨ ਲੈ ਜਾਣ ਦੀ ਸਮਰੱਥਾ ਵਿੱਚ ਸ਼ੋਰਾ ਵਿਘਨ ਪਾਉਂਦਾ ਹੈ। ਗੰਭੀਰ ਹਾਲਤਾਂ ਵਿੱਚ ਇਹ ਬੱਚੇ ਨੂੰ ਨੀਲਾ ਕਰ ਸਕਦਾ ਹੈ। ਆਪਣੇ ਬੱਚੇ ਦੇ ਪੈਦਾ ਹੋਣ ਤੋਂ **ਪਹਿਲਾਂ** ਖੂਹ ਦੇ ਪਾਣੀ ਦੀ ਪਰਖ ਜ਼ਰੂਰ ਕਰਵਾ ਲਵੋ। ਬੱਚੇ ਨੂੰ ਕਦੇ ਵੀ ਖੂਹ ਦਾ ਉਹ ਪਾਣੀ ਨਾ ਦਿਉ ਜਿਸ ਦੀ ਪਰਖ ਨਾ ਹੋਈ ਹੋਵੇ।

ਹੋਰ ਜ਼ਿਆਦਾ ਜਾਣਕਾਰੀ ਲਈ HealthLink BC File (ਹੈੱਲਥਲਿੰਕ ਬੀ.ਸੀ. ਫ਼ਾਈਲ) #05a Nitrate Contamination in Well Water ਅਤੇ ਤੱਥ ਪੱਤਰ Nitrate in Groundwater ਨੂੰ ਵੈੱਬਸਾਈਟ

www.env.gov.bc.ca/wsd/plan_protect_sustain/groundwater/library/ground_fact_sheets/index.html ਤੇ ਦੇਖੋ।

### ਧਾਤਾਂ

ਖੂਹ ਦਾ ਪਾਣੀ ਕਿਉਂਕਿ ਜ਼ਮੀਨ ਥੱਲਿਉਂ ਆਉਂਦਾ ਹੈ ਇਸ ਲਈ ਕਈ ਧਾਤਾਂ ਜੋ ਥੱਲੇ ਮਿੱਟੀ ਵਿੱਚ ਅਤੇ ਪੱਥਰਾਂ ਵਿੱਚ ਹੁੰਦੀਆਂ ਹਨ ਉਹ ਪਾਣੀ ਵਿੱਚ ਘੁਲ ਸਕਦੀਆਂ ਹਨ। ਆਰਸੈਨਿਕ (ਸੰਖੀਆ) ਜਿਹੀ ਧਾਤ ਦੇ ਸਿਹਤ ਤੇ ਲੰਮੇ-ਸਮੇਂ ਦੇ ਗੰਭੀਰ ਅਸਰ ਹੋ ਸਕਦੇ ਹਨ। ਮੈਗਨੀਸ਼ੀਅਮ, ਲੋਹਾ ਅਤੇ ਜਿਸਤ ਅਤੇ ਹੋਰ ਧਾਤਾਂ ਬ੍ਰਿਟਿਸ਼ ਕੋਲੰਬੀਆ ਦੀ ਜ਼ਮੀਨ ਦੇ ਪਾਣੀ ਵਿੱਚ ਆਮ ਮਿਲਦੀਆਂ ਹਨ।

### ਸਿੱਕਾ ਅਤੇ ਤਾਂਬਾ

ਸਿੱਕਾ ਅਤੇ ਤਾਂਬਾ ਵੀ ਪਰਾਈਵੇਟ ਖੂਹਾਂ ਦੇ ਪੀਣ ਵਾਲੇ ਪਾਣੀ ਦੀ ਸਪਲਾਈ ਵਿੱਚ ਮਿਲਦੇ ਹਨ। ਇਹ ਧਾਤਾਂ ਆਮ ਤੌਰ ਤੇ ਜ਼ਮੀਨ ਦੇ ਪਾਣੀ ਵਿੱਚ ਨਹੀਂ ਹੁੰਦੀਆਂ ਪਰ ਇਹ ਪਾਈਪਾਂ ਵਿੱਚੋਂ ਅਤੇ ਪਾਈਪਾਂ ਦੇ ਜੋੜਾਂ ਵਿੱਚੋਂ ਘੁਲਕੇ ਪਾਣੀ ਮਿਲ ਜਾਂਦੀਆਂ ਹਨ। ਵਰਤਣ ਤੋਂ ਪਹਿਲਾਂ ਟੂਟੀ ਵਿੱਚੋਂ ਪਾਣੀ ਇੱਕ ਮਿੰਟ ਲਈ ਵਗਾ ਕੇ ਸਿੱਕੇ ਅਤੇ ਤਾਂਬੇ ਦਾ ਪੱਧਰ ਘੱਟ ਕੀਤਾ ਜਾ ਸਕਦਾ ਹੈ। ਇਸ ਤਰਾਂ ਪਲੰਬਿੰਗ ਸਿਸਟਮ ਦੀਆਂ ਪਾਈਪਾਂ ਅਤੇ ਜੋੜਾਂ ਵਿੱਚ ਖਲੋਤਾ ਦੂਸ਼ਿਤ ਪਾਣੀ ਨਿਕਲ ਜਾਵੇਗਾ।

### ਹੋਰ ਰਸਾਇਣਿਕ ਪਦਾਰਥ

ਕਈ ਕਿਸਮ ਦੇ ਰਸਾਇਣਿਕ ਪਦਾਰਥ ਖੂਹ ਦੇ ਪਾਣੀ ਵਿੱਚ ਹੋ ਸਕਦੇ ਹਨ। ਇਨ੍ਹਾਂ ਵਿੱਚ ਕੁਦਰਤੀ ਮਿਲਣ ਵਾਲੇ ਫ਼ਲੋਰਾਈਡ ਅਤੇ ਹਾਈਡ੍ਰੋਜਨ ਸਲਫ਼ਾਈਡ ਗੈਸ ਤੋਂ ਲੈਕੇ ਅਚਾਣਕ ਡੁੱਲ੍ਹੇ ਪਟਰੋਲੀਅਮ ਪਦਾਰਥ ਅਤੇ ਕੀਟਨਾਸ਼ਕ ਦਵਾਈਆਂ ਤੱਕ ਹੋ ਸਕਦੀਆਂ ਹਨ। ਇਹ ਪਦਾਰਥ ਆਮ ਨਹੀਂ ਹੁੰਦੇ ਅਤੇ ਇਹ ਇੰਨੀਂ ਘੱਟ ਮਾਤਰਾ ਵਿੱਚ ਹੁੰਦੇ ਹਨ ਕਿ ਇਨ੍ਹਾਂ ਦਾ ਮਨੁੱਖੀ ਸਿਹਤ ਨੂੰ ਕੋਈ ਖ਼ਤਰਾ ਨਹੀਂ ਹੁੰਦਾ। ਪਰ ਜੇਕਰ ਇਹੋ ਜਿਹੇ ਪਦਾਰਥਾਂ ਦਾ ਹੋਰ ਖੂਹਾਂ ਵਿੱਚ ਵੀ ਹੋਣ ਦਾ ਪਿਛੋਕੜ ਹੈ ਤਾਂ ਤੁਹਾਨੂੰ ਉਨ੍ਹਾਂ ਖੂਹਾਂ ਦੀ ਪਰਖ ਕਰਵਾਉਣ ਬਾਰੇ ਵੀ ਸੋਚਣਾ ਚਾਹੀਦਾ ਹੈ।

### ਮੈਂ ਆਪਣੇ ਖੂਹ ਦੇ ਪਾਣੀ ਦੀ ਪਰਖ ਕਿਵੇਂ ਕਰਵਾਵਾਂ?

ਤੁਹਾਡੀ local Health Authority (ਲੋਕਲ ਹੈੱਲਥ ਅਥਾਰਟੀ) ਦਾ Environmental Health Division (ਐਨਵਾਇਰਮੈਂਟਲ ਹੈੱਲਥ ਡਿਵੀਯਨ) ਤੁਹਾਡੀ ਮਦਦ ਕਰ ਸਕਦਾ ਹੈ। Drinking Water Officer (DWO) (ਪੀਣ ਵਾਲੇ ਪਾਣੀ ਦੇ ਅਫ਼ਸਰ) ਨੂੰ ਆਪਣੇ ਇਲਾਕੇ ਦੇ ਖੂਹਾਂ ਵਿੱਚ ਸੰਭਵ ਦੂਸ਼ਿਤ ਪਦਾਰਥਾਂ ਬਾਰੇ ਅਤੇ ਉਨ੍ਹਾਂ ਦੀ ਪਰਖ ਬਾਰੇ ਪੁੱਛੋ।

ਪੀਣ ਵਾਲੇ ਪਾਣੀ ਦਾ ਅਫ਼ਸਰ ਤੁਹਾਨੂੰ ਸਲਾਹ ਦੇ ਸਕਦਾ ਹੈ ਕਿ ਕਿਹੜੀਆਂ ਮਾਨਤਾ ਪਰਾਪਤ ਪ੍ਰਯੋਗਸ਼ਾਲਾਂ ਵਿੱਚ ਘਰਾਂ ਦੇ ਪਾਣੀ ਦੀ ਪਰਖ ਕੀਤੀ ਜਾਂਦੀ ਹੈ। ਕਈ ਟੈਲੀਫ਼ੋਨ ਦੀਆਂ ਕਿਤਾਬਾਂ ਦੇ ਪੀਲੇ ਸਫ਼ਿਆਂ 'ਤੇ "Laboratories, Analytical" ("ਲੈਬਾਰਟਰੀਜ਼ ਐਨਾਲਿਟੀਕਲ") ਦੀ ਲਿਸਟ ਦਿੱਤੀ ਹੁੰਦੀ ਹੈ। Total Coliform and E.Coli (ਪੂਰੇ ਕੋਲੀ ਫ਼ਾਰਮਜ਼ ਅਤੇ ਈ.ਕੋਲੀ) ਦੀ ਪਰਖ ਦੀ ਕੀਮਤ ਪ੍ਰਯੋਗਸ਼ਾਲਾਂ ਵਿੱਚ ਵੱਖ ਵੱਖ ਹੋ ਸਕਦੀ ਹੈ; ਪਰ ਆਮ ਤੌਰ ਤੇ ਕੀਮਤ $50+ਜੀ.ਐੱਸ.ਟੀ. ਅਤੇ ਸ਼ਿਪਿੰਗ ਖਰਚੇ ਦੇ ਕਰੀਬ ਹੋਣੀ ਚਾਹੀਦੀ ਹੈ। ਜੇ ਪਰਖ ਵਿੱਚ ਈ.ਕੋਲੀ ਜਾਂ ਕੋਲੀਫ਼ਾਰਮ ਤੋਂ ਦੂਸ਼ਿਤ ਹੋਣ ਦੇ ਨਤੀਜੇ ਮਿਲਦੇ ਹਨ ਤਾਂ ਇਹ ਨਿਸ਼ਚਿਤ ਕਰਨ ਲਈ ਕਿ ਪੀਣ ਵਾਲਾ ਪਾਣੀ ਸੁਰੱਖਿਅਤ ਹੈ ਬਾਰ ਬਾਰ ਨਮੂਨੇ ਲੈਣ ਦੀ ਜ਼ਰੂਰਤ ਹੈ।

ਪਾਣੀ ਦੀ ਪਰਖ ਕਰਨ ਵਾਲੀ ਪ੍ਰਯੋਗਸ਼ਾਲਾ ਚੁਣਨ ਵੇਲੇ ਇਹ ਪਤਾ ਕਰੋ ਕਿ ਉਨ੍ਹਾਂ ਦੀ ਪਰਖ ਦੀ ਹੱਦ ਕੀ ਹੈ ਅਤੇ ਪਰਖ ਕਰਨ ਤੇ ਕੀ ਖਰਚਾ ਆਵੇਗਾ। ਪ੍ਰਯੋਗਸ਼ਾਲਾ ਤੁਹਾਨੂੰ ਨਮੂਨੇ ਲੈਣ ਲਈ ਬੋਤਲਾਂ ਅਤੇ ਨਿਰਦੇਸ਼ ਭੇਜੇਗੀ। ਜਦੋਂ ਤੁਹਾਨੂੰ ਇਹ ਮਿਲਨ ਤਾਂ ਨਿਰਦੇਸ਼ਾਂ ਨੂੰ ਚੰਗੀ ਤਰਾਂ ਪੜ੍ਹੋ ਅਤੇ *ਬਿਲਕੁਲ* ਉਨ੍ਹਾਂ ਅਨੁਸਾਰ ਅਮਲ ਕਰੋ।

ਜਦੋਂ ਤੁਹਾਨੂੰ ਪ੍ਰਯੋਗਸ਼ਾਲਾ ਤੋਂ ਨਤੀਜਾ ਮਿਲ ਜਾਵੇ ਤਾਂ ਉਸ ਜਾਣਕਾਰੀ ਤੋਂ ਤੁਹਾਨੂੰ ਇਹ ਸਮਝਣ ਵਿੱਚ ਮਦਦ ਮਿਲੇਗੀ ਕਿ ਇਸ ਪਰਖ ਦਾ ਕੀ ਮਤਲਬ ਹੈ ਅਤੇ ਤੁਹਾਡੇ ਪਾਣੀ ਵਿੱਚ ਕੋਈ ਖਰਾਬੀ ਹੈ ਕਿ ਨਹੀਂ।

ਤੁਹਾਡਾ ਸਥਾਨਕ DWO (ਡੀ.ਡਬਲਿਊ.ਓ.) ਪਰਖ ਦੇ ਨਤੀਜੇ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਤੁਹਾਨੂੰ Health Canada (ਹੈੱਲਥ ਕੈਨੇਡਾ) ਦੀ ਵੈੱਬਸਾਈਟ Canadian Drinking Water Guidelines (www.hc-sc.gc.ca/ewh-semt/water-eau/drink-potab/guide/index_e.html) ਬਾਰੇ ਦੱਸ ਸਕਦਾ ਹੈ ਜਿਸ ਵਿੱਚ ਪੀਣ ਵਾਲੇ ਪਾਣੀ ਵਿਚਲੇ ਕਾਫ਼ੀ ਕਿਸਮ ਦੇ ਦੂਸ਼ਿਤ ਪਦਾਰਥਾਂ ਦੀ ਵੱਧ ਤੋਂ ਵੱਧ ਸੁਰੱਖਿਅਤ ਹੱਦ ਬਾਰੇ ਸਿਫ਼ਾਰਸ਼ਾਂ ਦਿਤੀਆਂ ਹੋਈਆਂ ਹਨ।

### ਜੇ ਪਰਖ ਤੋਂ ਸੰਭਵ ਦੂਸ਼ਿਤ ਹੋਣ ਬਾਰੇ ਪਤਾ ਚਲੇ ਤਾਂ ਕੀ ਕਰਨਾ ਚਾਹੀਦਾ ਹੈ?

ਕੁਝ ਹਾਲਤਾਂ ਵਿੱਚ ਜੇ ਸਿਹਤ ਲਈ ਗੰਭੀਰ ਖ਼ਤਰੇ ਹੁੰਦੇ ਹੋਣ ਤਾਂ ਪੀਣ ਅਤੇ ਰਸੋਈ ਲਈ ਬੋਤਲ ਦਾ ਪਾਣੀ ਵਰਤਣਾ ਹੀ ਇੱਕ ਅਸਾਨ ਅਤੇ ਸਸਤਾ ਹੱਲ ਹੈ। ਅੱਜਕਲ ਬਜ਼ਾਰ ਵਿੱਚ ਕਈ ਕਿਸਮ ਦੇ ਪਾਣੀ ਸਾਫ਼ ਕਰਨ ਵਾਲੇ ਯੰਤਰ ਮਿਲਦੇ ਹਨ ਜੋ ਕਈ ਕਿਸਮ ਦੇ ਦੂਸ਼ਿਤ ਪਦਾਰਥਾਂ ਨੂੰ ਅਸਰਦਾਰ ਤਰੀਕੇ ਨਾਲ ਕੱਢ ਦਿੰਦੇ ਹਨ। ਇਨ੍ਹਾਂ ਯੰਤਰਾਂ ਦੀਆਂ ਕੀਮਤਾਂ ਅਤੇ ਪਰਦਰਸ਼ਨ ਵਿੱਚ ਅੰਤਰ ਹੋ ਸਕਦਾ ਹੈ। ਤੁਹਾਡਾ DWO (ਪੀਣ ਵਾਲੇ ਪਾਣੀ ਦਾ ਅਫ਼ਸਰ) ਤੁਹਾਡੇ ਪਾਣੀ ਦੇ ਤੱਤਾਂ ਦੇ ਅਧਾਰ ਤੇ ਪਾਣੀ ਸਾਫ਼ ਕਰਨ ਦੇ ਵਿਕਲਪਾਂ ਬਾਰੇ ਸਲਾਹ ਦੇ ਸਕਦਾ ਹੈ। ਬੋਤਲ ਦੇ ਪਾਣੀ ਦੀ ਕੀਮਤ ਜਾਂ ਘਰ ਦੇ ਪਾਣੀ ਦੇ ਸਫ਼ਾਈ ਕਰਨ ਵਾਲੇ ਯੰਤਰ ਦੀ ਕੀਮਤ, ਰੱਖ ਰਖਾਵ, ਦੁਬਾਰਾ ਪਰਖ ਦੀ ਕੀਮਤ ਨੂੰ ਦੇਖਦਿਆਂ ਪੀਣ ਵਾਲੇ ਪਾਣੀ ਦੀ ਚੋਣ ਦਾ ਅੰਤਮ ਫੈਸਲਾ ਕਰਨਾ ਖੂਹ ਦੇ ਮਾਲਕ ਦੀ ਜ਼ਿੰਮੇਵਾਰੀ ਹੈ।

**ਖੂਹ ਦੇ ਪਾਣੀ ਬਾਰੇ ਹੋਰ ਜਾਣਕਾਰੀ ਲਈ BC Ministry of Environment ਦੀ ਵੈੱਬਸਾਈਟ www.env.gov.bc.ca ਦੇਖੋ ਜਾਂ ਆਪਣੀ local Health Authority (ਲੋਕਲ ਹੈੱਲਥ ਅਥਾਰਟੀ) ਦੇ Drinking Water Officer (ਪੀਣ ਵਾਲੇ ਪਾਣੀ ਦੇ ਅਫ਼ਸਰ) ਨੂੰ ਮਿਲੋ।**

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stmਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।